# ਕਲੀਸੀਆ
## ਅਫ਼ਸੀਆਂ 5:21-33

*ਅਤੇ ਸੱਭੋ ਕੁਝ ਉਸ ਦੇ ਪੈਰਾਂ ਹੇਠ ਕਰ ਦਿੱਤਾ ਅਤੇ ਸਭਨਾਂ ਵਸਤਾਂ ਉੱਤੇ ਸਿਰ ਬਣਨ ਲਈ ਉਸ ਨੂੰ ਕਲੀਸੀਆ ਲਈ ਦੇ ਦਿੱਤਾ। ਇਹ ਉਸ ਦੀ ਦੇਹ ਹੈ ਅਰਥਾਤ ਉਸ ਦੀ ਭਰਪੂਰੀ ਜਿਹੜਾ ਸਭਨਾਂ ਵਿਚ ਸੱਭੋ ਕੁਝ ਭਰਦਾ ਹੈ (ਅਫ਼ਸੀਆਂ 1:22, 23)।*

ਸਾਡੇ ਸਮਾਜ ਵੱਲੋਂ ਖ਼ੁਦਾ ਦੀ ਕਲੀਸੀਆ ਨੂੰ ਵੇਖਣ ਅਤੇ ਉਹਦੇ ਨਾਲ ਵਿਹਾਰ ਕਰਨ ਦੇ ਕਾਰਣ ਇਹ ਪਾਠ ਭਿੱਜੀਆਂ ਅੱਖਾਂ ਅਤੇ ਦੁਖੀ ਮਨ ਨਾਲ ਲਿਖਿਆ ਗਿਆ ਹੈ। ਕਲੀਸੀਆ ''ਸਿਆਸੀ ਤੌਰ ਤੇ ਸਹੀ'' ਨਹੀਂ ਹੈ। ਇਹ ''ਉਸ ਦੇ ਨਾਲ'' ਨਹੀਂ ਬਲਕਿ ਉਸ ਤੋਂ ''ਬਾਹਰ'' ਹੈ। ਸੰਸਾਰ ਕਲੀਸੀਆ ਨੂੰ ਤੁੱਛ ਜਾਣਦਾ ਹੈ ਭਾਵ ਸੰਸਾਰ ਕਲੀਸੀਆ ਦਾ ਮਜ਼ਾਕ ਉਡਾਉਂਦਾ ਹੈ। ਸਹਿਣਸ਼ੀਲਤਾ ਸਿਖਾਉਣ ਵਾਲੇ ਲੋਕ (1) ਮੋਟਾ, (2) ਫ਼ਰੀਸੀ, ਅਤੇ (3) ਕਲੀਸੀਆ, ਤਿੰਨਾਂ ਨਾਲ ਬੜੇ ਅਸਹਿਣਸ਼ੀਲ ਹੁੰਦੇ ਹਨ। ਕੱਟੜ ਸੰਸਾਰ ਵਿਚ ਕਲੀਸੀਆ ਅਪ੍ਰਸੰਗਿਕ ਹੈ। ਇਸ ਲਈ ਸੰਸਾਰ ਲਈ ਪ੍ਰਸੰਗਿਕ ਹੋਣ ਲਈ ਕਲੀਸੀਆ ਨੂੰ ਸੰਸਾਰ ਤੋਂ ਵੱਖ ਹੋਣਾ ਹੀ ਚਾਹੀਦਾ ਹੈ। ਪ੍ਰਸੰਗਿਕ ਹੋਣ ਦਾ ਮਤਲਬ ਉਹ ਗੱਲਾਂ ਕਹਿਣਾ ਹੈ ਜਿਹੜੀਆਂ ਹਮੇਸ਼ਾ ਤਕ ਦੀਆਂ ਹਨ। ਕਲੀਸੀਆ ਸਮਾਜ ਦੇ ਉਲਟ ਸੱਭਿਅਤਾ ਹੈ। ਕਲੀਸੀਆ ਸੰਸਾਰ ਵਿਚ ਹੈ, ਪਰ ਸੰਸਾਰ ਦੀ ਨਹੀਂ। ਦੁਨਿਆਵੀ ਕਲੀਸੀਆ ਖ਼ੁਦਾ ਦੀ ਨਿੰਦਿਆ ਕਰਨ ਵਾਲੀ ਹੈ। ਕਲੀਸੀਆ ਧਰਤੀ ਦਾ ਲੂਣ ਅਤੇ ਜਗਤ ਦਾ ਚਾਨਣ ਹੈ। ਚਾਨਣ ਬਣਨ ਤੋਂ ਪਹਿਲਾਂ ਇਸ ਲਈ ਲੂਣ ਬਣਨਾ ਜ਼ਰੂਰੀ ਹੈ। ਜ਼ਬਾਨੀ ਤੌਰ ਤੇ ਕਲੀਸੀਆ ਨੂੰ ਪਹਿਲਾਂ ਹੀ ਸਤਾਇਆ ਜਾ ਰਿਹਾ ਹੈ। ਸ਼ਾਇਦ ਇਸ ਤੋਂ ਪਹਿਲਾਂ ਕਿ ਅਸੀਂ ਸੋਚੀਏ ਜਾਂ ਵਿਚਾਰ ਕਰੀਏ, ਇਸ ਨੂੰ ਜਿਸਮਾਨੀ ਤੌਰ ਤੇ ਵੀ ਸਤਾਇਆ ਜਾਵੇਗਾ। ਕੀ ਅਸੀਂ ਇਸ ਲਈ ਤਿਆਰ ਹਾਂ। ਇਹ ''ਸਾਊ'' ਮਸੀਹੀਅਤ ਦਾ ਵਕਤ ਨਹੀਂ ਹੈ। ਧਾਰਮਿਕ ਤੌਰ ਤੇ ਵੀ ਕਲੀਸੀਆ ਨੂੰ ਠੁਕਰਾਇਆ ਜਾਂਦਾ ਹੈ। ਬਹੁਤ ਸਾਰੇ ਲੋਕਾਂ ਦੀ ਸੋਚ ਹੈ ਕਿ ''ਅੱਜ ਨਵੇਂ ਨੇਮ ਵਾਲੀ ਕਲੀਸੀਆ ਨਹੀਂ ਹੋ ਸਕਦੀ। ਜੇ ਹੋ ਸਕਦੀ ਹੁੰਦੀ, ਤਾਂ ਸਾਨੂੰ ਇਸ ਦੀ ਲੋੜ ਨਹੀਂ ਹੋਣੀ ਸੀ।'' ਅੱਜ ਇਹ ਕਿਉਂ ਨਹੀਂ ਹੋ ਸਕਦੀ? ਕੀ ਖ਼ੁਦਾ ਅੱਜ ਵੀ ਖ਼ੁਦਾ ਹੈ? ਭਲਾ ਮਸੀਹ ਦੀ ਸਲੀਬ ਅੱਜ ਵੀ ਖੁਸ਼ਖ਼ਬਰੀ ਹੈ? ਭਲਾ ਖੁਸ਼ਖ਼ਬਰੀ ਨਾਲ ਅੱਜ ਵੀ ਲੋਕ ਬਚਾਏ ਜਾਂਦੇ ਹਨ? ਰਸੂਲਾਂ ਦੇ ਕੰਮ 2 ਅਧਿਆਇ ਵਿਚ (ਪੈਂਟੀਕਾਸਟ ਵਾਲੇ ਦਿਨ) ਖ਼ੁਦਾ ਨੇ ਕਲੀਸੀਆ ਦੇ ਕੰਮ ਵਿਚ ''ਦਖਲ ਦਿੱਤਾ।'' ਮੈਨੂੰ ਕੋਈ ਅਜਿਹੀ ਆਇਤ ਵਿਖਾਓ ਜੋ ਕਹਿੰਦੀ ਹੋਵੇ ਕਿ ਖ਼ੁਦਾ ''ਕਲੀਸੀਆ ਦੇ ਕੰਮ'' ਵਿੱਚੋਂ ਬਾਹਰ ਨਿੱਕਲ ਗਿਆ ਹੈ! ਡਿਨੋਮਿਨੇਸ਼ਨਾਂ ਦੀ ਹਮਾਇਤ ਕਰਨ ਵਾਲੀ ਕੋਈ ਆਇਤ ਨਹੀਂ ਹੈ। ਜਦ ਖ਼ੁਦਾ ਨੇ ਪਹਿਲੀ ਕਲੀਸੀਆ ਬਣਾਈ ਸੀ ਤਾਂ ਉਸ ਨੇ ਇਸ ਨੂੰ ਸਹੀ ਹੀ ਬਣਾਇਆ ਸੀ। ਡਿਨੋਮਿਨੇਸ਼ਨਾਂ ਮਨੁੱਖ ਦੀਆਂ ਬਣਾਈਆਂ ਹੋਈਆਂ ਹਨ। ਜੇ ਖ਼ੁਦਾ ਆਪਣੀ ਕਲੀਸੀਆ ਵਿਚ ਕੰਮ ਨਹੀਂ ਕਰ ਸਕਿਆ ਤਾਂ ਮਨੁੱਖ ਡਿਨੋਮਿਨੇਸ਼ਨਾਂ ਨੂੰ ਕਾਮਯਾਬੀ ਨਾਲ ਕਿਵੇਂ ਚਲਾ ਸਕਦੇ ਹਨ? ਇਹ ਬਹੁਤ ਵੱਡੇ ਇੰਤਜ਼ਾਮ ਦੀ ਗੱਲ ਹੈ! ਮੈਂ ਕਿਸੇ ਅਜਿਹੀ ਕਲੀਸੀਆ ਦਾ ਮੈਂਬਰ ਨਹੀਂ ਬਣਨਾ ਚਾਹੁੰਦਾ ਜੋ ਮਸੀਹ ਦੀ ਨਾ ਹੋਵੇ। ਮੈਂ ਕਿਸੇ ਡਿਨੋਮਿਨੇਸ਼ਨ ਦਾ ਮੈਂਬਰ ਨਹੀਂ ਬਣਨਾ ਚਾਹੁੰਦਾ। ਬਚਾਏ ਹੋਏ ਲੋਕਾਂ ਨੂੰ ਅੱਜ ਵੀ ਕਲੀਸੀਆ ਵਿਚ ਹੀ ਮਿਲਾਇਆ ਜਾਂਦਾ ਹੈ (ਰਸੂਲਾਂ ਦੇ ਕੰਮ 2:41, 47)। ਸਚਿਆਈ ਵਾਂਗ ਹੀ ਦੇਹ (ਕਲੀਸੀਆ) ਸਮੇਂ, ਸਥਾਨ ਲੋਕਾਂ ਤੋਂ ਉੱਪਰ ਹੈ। ਬਚਾਏ ਹੋਏ ਲੋਕ ਹੀ ਚਰਚ ਯਾਨੀ ਕਲੀਸੀਆ ਹਨ। ਲੋਕਾਂ ਨੂੰ ਲਗਦਾ ਹੈ ਕਿ ਕਲੀਸੀਆ ਨੂੰ ਛੱਡ ਕੇ ਉਨ੍ਹਾਂ ਨੇ ਖ਼ੁਦਾ ਨੂੰ ਨਹੀਂ ਛੱਡਿਆ,

ਪਰ ਅਸਲ ਵਿਚ ਉਨ੍ਹਾਂ ਨੇ ਉਸ ਨੂੰ ਛੱਡ ਦਿੱਤਾ ਹੈ। ਕਲੀਸੀਆ ਦੇ ਸਪੱਸ਼ਟ ਦਰਸ਼ਨ ਦੇ ਬਗੈਰ ਤੁਸੀਂ ਯਿਸੂ ਨੂੰ ਨਹੀਂ ਸਮਝ ਸਕਦੇ। ਅਸੀਂ ਸਭ ਇਕ ਦੇਹ ਵਿਚ ਹਾਂ, ਕਿਉਂਕਿ ਇੱਕੋ ਆਤਮਾ ਨੇ ਸਾਨੂੰ ਮਸੀਹ ਵਿਚ ਬਪਤਿਸਮਾ ਦੁਆਇਆ ਹੈ। ਮੈਂ ਤਾਂ ਓਸੇ ਕਲੀਸੀਆ ਦਾ ਮੈਂਬਰ ਬਣਨਾ ਚਾਹਾਂਗਾ ਜਿਸ ਵਿਚ ਮਸੀਹ ਦੀ ਜ਼ਿੰਦਗੀ ਹੋਵੇ।

1960 ਦੇ ਬਾਅਦ ਧਾਰਮਿਕ ਜਗਤ ਬੜੇ ਫ਼ਖ਼ਰ ਨਾਲ ਕਹਿੰਦਾ ਆਇਆ ਹੈ, ''ਮੈਂ ਯਿਸੂ ਨੂੰ ਪ੍ਰੇਮ, ਪਰ ਕਲੀਸੀਆ ਨੂੰ ਨਫ਼ਰਤ ਕਰਦਾ ਹਾਂ।'' ਇਹ ਕਿਵੇਂ ਹੋ ਸਕਦਾ ਹੈ? ਇਹ ਬਾਈਬਲ ਦੀ ਸਿੱਖਿਆ ਤਾਂ ਨਹੀਂ ਹੈ, ਕਿਉਂਕਿ ਤੁਸੀਂ ਮਸੀਹ ਨੂੰ ਉਸ ਦੀ ਕਲੀਸੀਆ ਤੋਂ ਵੱਖ ਨਹੀਂ ਕਰ ਸਕਦੇ। ਇਸ ਦਾ ਕੋਈ ਮਤਲਬ ਨਹੀਂ ਹੈ। ਇਕ ਪਤੀ ਦੇ ਰੂਪ ਵਿਚ ਮੈਂ ਉਸ ਥਾਂ ਜਾਣਾ ਪਸੰਦ ਨਹੀਂ ਕਰਾਂਗਾ ਜਿੱਥੇ ਕਿਸੇ ਨੇ ਮੇਰੀ ਪਤਨੀ ਨੂੰ ਠੁਕਰਾਇਆ ਹੋਵੇ! ਤੁਸੀਂ ਮੇਰੀ ਬੇਇੱਜ਼ਤੀ ਕਰ ਸਕਦੇ ਹੋ, ਪਰ ਮੇਰੀ ਪਤਨੀ ਦੀ ਨਹੀਂ! ਮੇਰੀ ਪਤਨੀ ਮੇਰੀ ਸ਼ਾਨ ਹੈ, ਮੇਰਾ ਮਾਣ ਹੈ! ਗੁਮਰਾਹ ਲੋਕ ਬੜੇ ਮਾਣ ਨਾਲ ਆਖਦੇ ਹਨ, ''ਮੈਂ ਵਿਸ਼ਵਾਸੀ ਹਾਂ, ਪਰ ਕਲੀਸੀਆ ਦਾ ਮੈਂਬਰ ਨਹੀਂ ਹਾਂ।'' ਤੁਸੀਂ ਕਲੀਸੀਆ ਦਾ ਮੈਂਬਰ ਬਣੇ ਬਗ਼ੈਰ ਵਿਸ਼ਵਾਸੀ ਬਣ ਹੀ ਨਹੀਂ ਸਕਦੇ। *ਕਲੀਸੀਆ ਦੇ ਲੋਕਾਂ ਨੂੰ ਹੀ ਵਿਸ਼ਵਾਸੀ ਆਖਿਆ ਜਾਂਦਾ ਹੈ!* ਲੋਕ ਕਲੀਸੀਆ ਦੇ ਮੈਂਬਰ ਇਸ ਕਰਕੇ ਨਹੀਂ ਹਨ ਕਿਉਂਕਿ ਉਹ ਵਿਸ਼ਵਾਸ ਨਹੀਂ ਕਰਦੇ। ਇਸ ਤੋਂ ਪਹਿਲਾਂ ਕਿ ਸੰਸਾਰ ਖ਼ੁਦਾ ਨੂੰ ਕਬੂਲੇ, ਕਲੀਸੀਆ ਦੇ ਅੰਦਰ ਉਸ ਦੀ ਵਡਿਆਈ ਹੋਣੀ ਜ਼ਰੂਰੀ ਹੈ।

ਵਿਆਹ ਵਾਂਗ ਕਲੀਸੀਆ ਕਿਤੇ ਨਹੀਂ ਜਾਏਗੀ। ਦੁਨੀਆਂ ਵਿਚ ਹਰ ਥਾਂ ਹਰ ਰੋਜ਼ ਇਕ ਨਵੀਂ ''ਕਲੀਸੀਆ'' ਬਣ ਜਾਂਦੀ ਹੈ, ਜਿਸ ਦੀ ਨਾ ਕੋਈ ਸਿੱਖਿਆ, ਨਾ ਢੰਗ ਦਾ ਨਾਂਅ, ਨਾ ਇਤਿਹਾਸ, ਨਾ ਰਵਾਇਤ ਹੁੰਦੀ ਹੈ! ਆਪਣੀ ਕਲੀਸੀਆ ਸ਼ੁਰੂ ਕਰਨ ਦਾ ਕਿਸੇ ਵੀ ਆਦਮੀ (ਜਾਂ ਜਮਾਤ) ਨੂੰ ਹੱਕ ਕਿਸ ਨੇ ਦਿੱਤਾ ਹੈ? ਖ਼ੁਦਾ ਆਪਣੀ ਕਲੀਸੀਆ ਦੇ ਇਲਾਵਾ ਕਿਸੇ ਹੋਰ ਨੂੰ ਨਹੀਂ ਪਛਾਣੇਗਾ।

ਧਰਤੀ ਉੱਤੇ ਖ਼ੁਦਾ ਦੇ ਸਿਰਫ਼ ਇਕ ਹੀ ਲੋਕ ਹਨ।
ਉਸ ਨੇ ਉਨ੍ਹਾਂ ਨੂੰ ਸਿਰਫ਼ ਇੱਕੋ ਕਿਤਾਬ ਦਿੱਤੀ ਹੈ।
ਉਹ ਉਨ੍ਹਾਂ ਨੂੰ ਇਕ ਪਰਿਵਾਰ ਹੋ ਕੇ ਰਹਿਣ ਦਾ ਹੁਕਮ ਦਿੰਦਾ ਹੈ।

## ਕਲੀਸੀਆ ਇਲਾਹੀ ਹੈ

''ਕਲੀਸੀਆ ਇਲਾਹੀ ਹੈ'': ਇਹ ਗੱਲ ''ਆਪਣੇ ਕੰਨਾਂ ਨਾਲ ਸੁਣ ਛੱਡੋ'' (ਲੂਕਾ 9:44) । *ਕਲੀਸੀਆ ਇਲਾਹੀ ਹੈ!* ਨਵੇਂ ਨੇਮ ਵਿਚ ਕਲੀਸੀਆ ਨੂੰ ਪਵਿੱਤਰ ਸੰਸਥਾਨ ਆਖਿਆ ਗਿਆ ਹੈ। ਖ਼ੁਦਾ ਕਲੀਸੀਆ ਨਾਲ ਪਿਆਰ ਕਰਦਾ ਹੈ। ਯਿਸੂ ਕਲੀਸੀਆ ਨਾਲ ਪਿਆਰ ਕਰਦਾ ਹੈ। ਮੈਂ ਕਲੀਸੀਆ ਨਾਲ ਪਿਆਰ ਕਰਦਾ ਹਾਂ। ਕਲੀਸੀਆ ਖ਼ੁਦਾ ਦੀ ਹਕੀਕਤ ਹੈ। ਕਲੀਸੀਆ ਰਾਹੀਂ ਖ਼ੁਦਾ ਦਾ ਨਾਨਾ ਪ੍ਰਕਾਰ ਦਾ ਗਿਆਨ ਪਰਗਟ ਹੁੰਦਾ ਹੈ (ਅਫ਼ਸੀਆਂ 3:9–11)। ਕਲੀਸੀਆ ਚੱਟਾਨ ਦੀ ਬੁਨਿਆਦ, ਲਹੂ ਨਾਲ ਖ਼ਰੀਦੀ, ਪਵਿੱਤਰ ਆਤਮਾ ਨਾਲ ਭਰਪੂਰ, ਨਰਕ–ਰੋਧਕ ਅਤੇ ਸੁਰਗ ਨੂੰ ਲਿਜਾਣ ਵਾਲੀ ਹੈ (ਵੇਖੋ ਮੱਤੀ 16:13–19)। ਖ਼ੁਦਾ ਦੇ ਸਭ ਤੋਂ ਵੱਡੇ ਦਾਨ (ਮਸੀਹ) ਨੇ ਕਲੀਸੀਆ ਦਿੱਤੀ ਹੈ (ਯੂਹੰਨਾ 3:16; 2 ਕੁਰਿੰਥੀਆਂ 9:15)। ਦੁਨੀਆਂ ਦੀ ਸਭ ਤੋਂ ਵੱਡੀ ਕੀਮਤ (ਮਸੀਹ ਦਾ ਲਹੂ; ਰਸੂਲਾਂ ਦੇ ਕੰਮ 20:28; ਅਫ਼ਸੀਆਂ 5:25; 1 ਪਤਰਸ 1:18, 19) ਦੇ ਕੇ ਕਲੀਸੀਆ ਨੂੰ ਮੁੱਲ ਲਿਆ ਗਿਆ ਹੈ। ਯਿਸੂ ਦੇਹ ਭਾਵ ਕਲੀਸੀਆ ਦਾ ਸਿਰ ਹੈ (ਕੁਲੁੱਸੀਆਂ 1:18)। ਯਿਸੂ ਆਪਣੇ ਲਈ ਇਕ ਜਲਾਲੀ ਕਲੀਸੀਆ ਪੇਸ਼ ਕਰੇਗਾ (ਅਫ਼ਸੀਆਂ 5:27)। ਜੋ ਰਿਸ਼ਤਾ ਪਤੀ ਅਤੇ ਪਤਨੀ ਦੇ ਵਿਚਕਾਰ ਹੈ, ਉਹੀ ਮਸੀਹ ਅਤੇ ਉਸਦੀ ਕਲੀਸੀਆ ਦਾ ਹੈ (ਅਫ਼ਸੀਆਂ 5:31–33)।

ਰਸੂਲਾਂ ਦੇ ਕੰਮ ਤੋਂ ਪ੍ਰਕਾਸ਼ ਦੀ ਪੋਥੀ ਤਕ, ਬਾਈਬਲ ਪੂਰੀ ਤਰ੍ਹਾਂ ਨਾਲ ਕਲੀਸੀਆ ਵਿਚ

ਜ਼ਿੰਦਗੀ ਉੱਤੇ ਰੌਸ਼ਨੀ ਪਾਉਂਦੀ ਹੈ। ਖ਼ੁਦਾ ਕਲੀਸੀਆ ਦੇ ਬਾਹਰ ਕੁਝ ਵੀ ਨਹੀਂ ਕਰੇਗਾ। ਯਿਸ ਦੇ ਮਗਰ ਚੱਲਣ ਦਾ ਮਤਲਬ, ਉਸਦੀ ਕਲੀਸੀਆ ਵਿਚ ਹੋਣਾ ਅਤੇ ਉਸ ਦੇ ਅਨੁਸ਼ਾਸਨ ਨੂੰ ਮੰਨਣਾ ਹੈ। ਸਿਰਫ਼ ਦੇਹ ਵਿਚ ਹੀ ਆਤਮਾ ਦਾ ਕੰਮ ਮਿਲ ਸਕਦਾ ਹੈ। ਕਲੀਸੀਆ ਇਲਾਹੀ ਹੈ। ''ਮਸੀਹ ਰਹਿਤ ਕਲੀਸੀਆ'' ਅਤੇ ''ਕਲੀਸੀਆ ਰਹਿਤ ਮਸੀਹ'' ਦੋਵੇਂ ਗਲਤ ਹਨ। ਕਲੀਸੀਆ ਵਿਅਕਤੀ (ਮਸੀਹ), ਪ੍ਰਚਾਰ (ਇੰਜੀਲ) ਅਤੇ ਲੋਕ (ਅਸੀਂ) ਹਾਂ। ਇਹ ਜਾਣ ਕੇ ਕਿ ਕਲੀਸੀਆ ਇਲਾਹੀ ਹੈ, ਸਾਨੂੰ ਕਲੀਸੀਆ ਨਾਲ ਹੋਰ ਗਹਿਰਾਈ ਨਾਲ ਪਿਆਰ ਕਰਨ ਅਤੇ ਆਪਣੇ ਬੱਚਿਆਂ ਨੂੰ ਵੀ ਉਹੀ ਸਿਖਾਉਣ ਵਾਲੇ ਬਣਨਾ ਚਾਹੀਦਾ ਹੈ। ਕਲੀਸੀਆ ਦੀ ਲੋੜ ਕਿਸ ਨੂੰ ਹੈ? ਮੈਨੂੰ ਹੈ!

## ਮਸੀਹੀਅਤ ਸਮੂਹਕ (ਕਲੀਸੀਆ) ਹੈ

ਮਸੀਹੀਅਤ ਕਲੀਸੀਆ ਤੋਂ ਬਾਹਰ ਜਾਂ ਕਲੀਸੀਆ ਦੇ ਬਗੈਰ ਨਹੀਂ ਰਹਿ ਸਕਦੀ। ''ਕ੍ਰਿਸਚਿਐਨਿਟੀ'' ਅਤੇ ''ਚਰਚੈਨਿਟੀ'' ਵੱਖੋ-ਵੱਖ ਗੱਲਾਂ ਨਹੀਂ ਹਨ। ਕ੍ਰਿਸਚਿਐਨਿਟੀ ਭਾਵ ਮਸੀਹੀਅਤ ਨਿੱਜੀ ਵੀ ਹੈ ਅਤੇ ਜਨਤਕ ਵੀ। ਖ਼ੁਦਾ ਦਾ ਪਰਿਵਾਰ ਜੇ ਕਲੀਸੀਆ ਨਹੀਂ ਹੈ, ਤਾਂ ਫਿਰ ਉਹ ਕੀ ਹੈ? ਸਿਪਾਹੀ ਫ਼ੌਜ ਤੋਂ ਅੱਡ ਹੋ ਕੇ ਸਿਪਾਹੀ ਨਹੀਂ ਰਹਿ ਜਾਂਦਾ। ਫੌਜਾਂ ਵਿਚ ਸਿਪਾਹੀ ਸਮੂਹਕ ਤੌਰ ਤੇ ਕੰਮ ਕਰਦੇ ਹਨ, ਨਾ ਕਿ ਨਿੱਜੀ ਤੌਰ ਤੇ। ਰੂਹਾਨੀਅਤ ਸਮੂਹਕ ਹੈ ਅਤੇ ਮਸੀਹੀਅਤ ਵੀ ਸਮੂਹਕ ਜਾਂ ਜਮਾਤ ਹੈ। ਧਾਰਮਿਕ ਜਗਤ ਮੂਲ ਰੂਪ ਵਿਚ ਇਸ ਗੱਲ ਨੂੰ ਨਜ਼ਰਅੰਦਾਜ਼ ਕਰਦਾ ਜਾਂ ਇਸ ਨੂੰ ਨਕਾਰਦਾ ਹੈ। ਕੋਈ ਵੀ ਗੱਲ ਜੋ ਤੁਹਾਨੂੰ ਕਲੀਸੀਆ ਤਕ ਨਹੀਂ ਲਿਆਂਉਂਦੀ, ਖ਼ੁਦਾ ਵੱਲੋਂ ਨਹੀਂ ਹੈ। ਬਚਾਏ ਹੋਏ ਲੋਕਾਂ ਨੂੰ ਇੱਕੋ ਦੇਹ ਵਿਚ ਬੁਲਾਇਆ ਜਾਂਦਾ ਹੈ। ਕਲੀਸੀਆ ਭਾਵ ਚਰਚ ਇਕ ਦੇਹ, ਇਕ ਪਰਿਵਾਰ, ਇਕ ਸਮਾਜ ਹੈ। ਅਸੀਂ ਖ਼ੁਦਾ ਦੇ ਲੋਕ ਹਾਂ। ਖ਼ੁਦਾ ਨੇ ਕਦੇ ਕਿਸੇ ਲਈ ਮਸੀਹੀ ਜ਼ਿੰਦਗੀ ਇਕੱਲੇ ਜੀਣ ਦੀ ਇੱਛਾ ਨਹੀਂ ਕੀਤੀ। ਪੂਰੀ ਬਾਈਬਲ ਵਿਚ, ਖ਼ੁਦਾ ਹਮੇਸ਼ਾ ਆਪਣੇ ਲੋਕਾਂ ਨੂੰ ਇਕ ਜਮਾਤ ਦੇ ਰੂਪ ਵਿਚ ਸੱਦਦਾ ਹੈ। ਉਸ ਨੇ ਅਬਰਾਹਾਮ ਦੇ ਪਰਿਵਾਰ ਨੂੰ, ਫਿਰ ਇਸਰਾਏਲੀ ਕੌਮ ਨੂੰ ਅਤੇ ਹੁਣ ਕਲੀਸੀਆ ਨੂੰ ਸੱਦਿਆ ਹੈ। ਖੁਦਗਰਜ਼ੀ ਦਾ ਇਕ ਆਪਣਾ ਸਮਾਜ ਹੈ। ਮਸੀਹ ਦੀ ਦੇਹ ਵਿਚ ਕੋਈ ਗੁਆਚਦਾ ਨਹੀਂ ਹੈ। ਜਮਾਤਾਂ ਦਾ ਸਹੀ ਹਿੱਸਾ ਮਿਲ ਜਾਣ ਤੇ ਨਿੱਜੀ ਭਾਗ ਸਹੀ ਹੁੰਦਾ ਹੈ। ਸਮਰਪਣ ਤੋਂ ਪਹਿਲਾਂ ਸਮਾਜ ਦਾ ਹੋਣਾ ਜ਼ਰੂਰੀ ਹੈ। ਸਿਰਫ਼ ਦੇਹ ਹੀ ਆਪਣੇ ਅੰਗਾਂ ਨੂੰ ਪੂਰਣ ਬਣਾ ਸਕਦੀ ਹੈ। ਨਿੱਜੀ ਤਾਲੀਮ ਦਾ ਮਹੱਤਵ ਹੈ, ਪਰ ਵਿਸ਼ਵਾਸੀ ਲੋਕਾਂ ਲਈ ਇਹ ਨਾਕਾਫ਼ੀ ਹੈ। ਖੁਦਮੁਖ਼ਤਿਆਰ ਹੋਣ ਦੇ ਬਾਵਜੂਦ ਨਿੱਜੀ ਤੌਰ ਤੇ ਕੋਈ ਕਦੇ ਪੂਰਣ ਨਹੀਂ ਹੁੰਦਾ। ਕਈ ਖੇਡ ਮੁਕਾਬਲਿਆਂ ਵਿਚ ਭੀੜ ਅਤੇ ਉੱਤੇਜਨਾ ਤਾਂ ਬਹੁਤ ਹੋ ਸਕਦੀ ਹੈ ਪਰ ਉਸ ਨੂੰ ਸਮਾਜ ਨਹੀਂ ਆਖਦੇ ਅਰ ਨਾ ਉਹ ਸਮਾਜ ਹੋ ਵੀ ਸਕਦਾ ਹੈ। ਅਜਿਹੀ ਭੀੜ ਵਿਚ ਲੋਕਾਂ ਨੂੰ ਇਕ ਦੂਜੇ ਦਾ ਪਤਾ ਨਹੀਂ ਹੁੰਦਾ ਅਤੇ ਨਾ ਉਹ ਇਕ ਦੂਜੇ ਦੀ ਪਰਵਾਹ ਕਰਦੇ ਹਨ। ਅਸੀਂ ਇਕ ਭੀੜ ਹਾਂ ... ਭਲਾ ਅਸੀਂ ਕਲੀਸੀਆ ਬਣ ਜਾਵਾਂਗੇ? ਇਕ ਸਮਾਜ ਦੇ ਤੌਰ ਤੇ ਕਲੀਸੀਆ ਵਿਚ ਆਪਣੇ ਆਪ ਵਿਚ ਜ਼ਿੰਦਗੀ ਹੈ। ਸਾਨੂੰ ਇਹ ਪਤਾ ਹੋਣਾ ਜ਼ਰੂਰੀ ਹੈ ਕਿ ਅਸੀਂ *ਕੌਣ* ਹਾਂ, *ਕਿਸ ਦੇ* ਹਾਂ ਅਤੇ *ਕਿਉਂ* ਹਾਂ। ਮਸੀਹੀ ਲੋਕ ਕਲੀਸੀਆ ਵਿਚ ਹੀ ਖ਼ੁਦਾ ਦੀ ਵਡਿਆਈ ਕਰਦੇ ਹਨ। ''ਕਲੀਸੀਆ ਵਿਚ ਅਤੇ ਮਸੀਹ ਯਿਸੂ ਵਿਚ ਸਾਰੀਆਂ ਪੀੜ੍ਹੀਆਂ ਤੀਕਰ ਜੁੱਗੋ ਜੁੱਗ ਉਸ ਦੀ ਵਡਿਆਈ ਹੋਵੇ। ਆਮੀਨ'' (ਅਫ਼ਸੀਆਂ 3:21)।

''ਦੇਹ'' ਦੀ ਧਾਰਣਾ ਨੂੰ ਸਮਝਣਾ ਜ਼ਰੂਰੀ ਹੈ। ਖ਼ੁਦਾ ਸਾਨੂੰ ਇਕ ਇਮਾਰਤ ਵਿਚ ਲਗੇ ਪੱਥਰ, ਅੰਗੂਰੀ ਭਾਗ ਵਿਚ ਕੰਮ ਕਰਨ ਵਾਲੇ ਮਜ਼ਦੂਰ ਅਤੇ ਫ਼ੌਜ ਦੇ ਸਿਪਾਹੀ ਆਖਦਾ ਹੈ। ਪਰ ਵਚਨ ਵਿਚ ਮਸੀਹੀ ਲੋਕਾਂ ਲਈ ਸਭ ਤੋਂ ਵਧੀਆ ਰੂਪਕ ''ਦੇਹ'' ਦੇ ਰੂਪ ਵਿਚ ਹੈ (ਰੋਮੀਆਂ 12; 1 ਕੁਰਿੰਥੀਆਂ 12; ਅਫ਼ਸੀਆਂ 4; 1 ਪਤਰਸ 3)। ਦੇਹ ਇਕ ਜ਼ਬਰਦਸਤ ਰਚਨਾ ਹੈ। ਦੁਨੀਆਂ ਵਿਚ ਇਹਦੇ ਵਰਗਾ ਹੋਰ ਕੋਈ ਨਹੀਂ ਹੈ। ਵੱਖੋ ਵੱਖ ਅੰਗ ਹੋਣ ਦੇ ਬਾਵਜੂਦ, ਸਭ ਬਰਾਬਰ ਹਨ। ਜਿਨ੍ਹਾਂ ਅੰਗਾਂ ਨੂੰ

ਨਿਕੰਮੇ ਸਮਝਿਆ ਜਾਂਦਾ ਹੈ, ਉਨ੍ਹਾਂ ਦੀ ਹੀ ਇੱਜਤ ਵਧ ਹੁੰਦੀ ਹੈ। ਦੇਹ ਦੇ ਲੋਕ ਦੇਹ ਤੋਂ ਕੱਟ ਕੇ ਕੁਝ ਕੰਮ ਨਹੀਂ ਕਰ ਸਕਦੇ। ਇਸੇ ਤਰ੍ਹਾਂ ਦੇਹ ਦੇ ਰੂਪ ਵਿਚ ਕੰਮ ਨਾ ਕਰਨ ਤੇ ਕਲੀਸੀਆ ਵਿਚ ਗੰਭੀਰ ਮੁਸ਼ਕਿਲਾਂ ਪੈਦਾ ਹੋ ਜਾਂਦੀਆਂ ਹਨ। ਨਿੱਜੀ ਰੂਹਾਨੀ ਦਾਨ ਦੇਹ ਲਈ ਦਿੱਤੇ ਗਏ ਸਨ ਨਾ ਕਿ ਨਿੱਜੀ ਲਾਭ ਲਈ। ਇਕ ਅੰਗ ਦੇ ਦੁਖੀ ਹੋਣ ਨਾਲ ਪੂਰੀ ਦੇਹ ਦੁਖੀ ਹੁੰਦੀ ਹੈ। ਕਲੀਸੀਆ ਤਦੇ ਕੰਮ ਕਰਦੀ ਹੈ ਜਦ ਸਾਰੇ ਅੰਗ ਮਿਲ ਕੇ ਕੰਮ ਕਰਨ।

ਕੋਈ ਵੀ ਜੋ ਕਿਸੇ ਸਮੂਹ ਵਿਚ ਸ਼ਾਮਿਲ ਹੁੰਦਾ ਹੈ ਤਾਂ ਉਹ ਉਸ ਦੇ ਟੀਚਿਆਂ ਨੂੰ ਮੰਨ ਕੇ ਉਸ ਦੇ ਨਿਅਮਾਂ ਮੁਤਾਬਕ ਚੱਲਦਾ ਹੈ। ਦੇਹ ਦੇ ਅੰਗ ਦੇ ਰੂਪ ਵਿਚ ਕੋਈ ਇਹ ਨਹੀਂ ਕਹਿ ਸਕਦਾ, ''ਮੈਂ ਜਿਵੇਂ ਚਾਹਾਂ ਕਰ ਸਕਦਾ ਹਾਂ, ਇਸ ਨਾਲ ਕਿਸੇ ਨੂੰ ਕੋਈ ਫ਼ਰਕ ਨਹੀਂ ਪੈਂਦਾ।'' ਦੇਹ ਵਿਚ ਜਦ ਇਕ ਅੰਗ ਨੂੰ ਪੀੜ ਹੁੰਦੀ ਹੈ ਤਾਂ ਤਕਲੀਫ਼ ਪੂਰੀ ਦੇਹ ਨੂੰ ਹੁੰਦੀ ਹੈ। ਪੌਲੁਸ ਨੇ ਕਿਹਾ ਹੈ ਕਿ ਜੇ ਉਹਦੇ ਮਾਸ ਖਾਣ ਨਾਲ ਕਿਸੇ ਵਿਸ਼ਵਾਸੀ ਨੂੰ ਠੋਕਰ ਲਗਦੀ ਹੈ ਤਾਂ ਉਹ ਮਾਸ ਨਹੀਂ ਖਾਵੇਗਾ (1 ਕੁਰਿੰਥੀਆਂ 8: 13)। ਦੇਹ ਦੇ ਹੱਕ ਅਤੇ ਲੋੜਾਂ ਨਿੱਜੀ ਲੋੜਾਂ ਨਾਲੋਂ ਉੱਪਰ ਹਨ।

## ਕਲੀਸੀਆ ਸਥਾਨਕ ਹੈ

ਕਲੀਸੀਆ ਦੇਹ ਹੈ। ਕਲੀਸੀਆ ਸਥਾਨਕ ਵੀ ਹੈ। ਬਹੁਤ ਸਾਰੇ ਲੋਕ ਸਥਾਨਕ ਕਲੀਸੀਆ ਨੂੰ ਘੱਟ ਅਹਿਮੀਅਤ ਦਿੰਦੇ ਹਨ। ਬਹੁਤ ਸਾਰੇ ਲੋਕਾਂ ਦੇ ਮਨਾਂ ਵਿਚ ਸਥਾਨਕ ਕਲੀਸੀਆ ਬਹੁਤ ਪਿੱਛੇ ਅਤੇ ਤੁੱਛ ਮੰਨੀ ਜਾਂਦੀ ਹੈ। ਹਾਂ, ਇਕ ''ਵਿਸ਼ਵਵਿਆਪੀ ਕਲੀਸੀਆ'' ਹੈ। ਖ਼ੁਦਾ ਦਾ ''ਕਲੀਸੀਆ ਦਾ ਰਜਿਸਟਰ'' ਸੁਰਗ ਵਿਚ ਹੈ ਜਿਸ ਨੂੰ ''ਜ਼ਿੰਦਗੀ ਦੀ ਲੇਲੇ ਦੀ ਕਿਤਾਬ'' ਆਖਿਆ ਗਿਆ ਹੈ। ਪਰ ਸਾਡਾ ਦੁਨਿਆਵੀ ਸੰਪਰਕ ਸਥਾਨਕ ਹੈ। ਤੁਸੀਂ ''ਸਥਾਨਕ ਨੂੰ'' ਠੁਕਰਾ ਕੇ ''ਵਿਸ਼ਵਵਿਆਪੀ'' ਕਲੀਸੀਆ ਦਾ ਮੈਂਬਰ ਹੋਣ ਦਾ ਦਾਅਵਾ ਨਹੀਂ ਕਰ ਸਕਦੇ। ਅੱਜ ਵਿਸ਼ਵਵਿਆਪੀ ਕਲੀਸੀਆ ਪ੍ਰਤੀ ਲੋਕਾਂ ਦੇ ਜਜ਼ਬਾਤ ਜਾਂ ਸਕਾਰਾਤਮਕ ਭਾਵਨਾ ਹੈ, ਪਰ ਸਥਾਨਕ ਕਲੀਸੀਆ ਦੀ ਉਹ ਬਹੁਤ ਘੱਟ ਵਰਤੋਂ ਕਰਦੇ ਹਨ। ਸਥਾਨਕ ਕਲੀਸੀਆਵਾਂ ਹੀ ਤਾਂ ਮਿਲ ਕੇ ਵਿਸ਼ਵਵਿਆਪੀ ਬਣਦੀਆਂ ਹਨ। ਕਲੀਸੀਆ ਦਾ ਵਜੂਦ ਸਥਾਨਕ ਹੀ ਹੈ। ਜਿਸ ਗੱਲ ਤੋਂ ਅਖ਼ੀਰ ਵਿਚ ਸਥਾਨਕ ਕਲੀਸੀਆ ਨੂੰ ਫ਼ਾਇਦਾ ਨਹੀਂ ਮਿਲਦਾ, ਉਹ ਖ਼ੁਦਾ ਵੱਲੋਂ ਨਹੀਂ ਹੈ। ਪ੍ਰਕਾਸ਼ ਦੀ ਪੋਥੀ 1:4 ਵਿਚ ''ਅਸਿਯਾ ਦੀਆਂ ਸੱਤ ਕਲੀਸੀਆਵਾਂ'' ਦੀ ਗੱਲ ਹੈ। ਯਰੂਸ਼ਲਮ ਦੀ ਕਲੀਸੀਆ ਸਥਾਨਕ ਹੀ ਸੀ। ਨਵੇਂ ਨੇਮ ਵਿਚ ਭਾਈਆਂ ਨੂੰ ਉੱਥੋਂ ਚਲੇ ਜਾਣ ਦੇ ਬਾਅਦ, ਪਹਿਲਾਂ ਸਥਾਨਕ ਕਲੀਸੀਆ ਹੀ ਮਿਲੀ ਸੀ।

ਖ਼ੁਦਾ ਦੇ ਨਾਲ ਸਾਡਾ ਰੋਜ਼ ਚੱਲਣਾ ''ਸਥਾਨਕ ਕਲੀਸੀਆ ਦਾ ਚੱਲਣਾ'' ਹੀ ਹੈ। ਭਾਈਆਂ ਨੂੰ ਕਲੀਸੀਆ ਵਿਚ ਹਾਜ਼ਰੀ ਦਾ ਫ਼ਿਕਰ ਰਹਿੰਦਾ ਹੈ, ਕਿਉਂਕਿ ਬਹੁਤ ਸਾਰੇ ਥਾਵਾਂ ਤੇ ਹਾਜ਼ਰੀ ਬਹੁਤ ਘੱਟ ਹੈ। ਵਿਸ਼ਵਾਸ ਨਾਲ ਰੋਜ਼ ਚੱਲਣ ਵਾਲੇ ਭਾਈਆਂ ਅੱਗੇ ''ਕਲੀਸੀਆ ਦੀ ਮੌਜੂਦਗੀ ਦੀ ਦਿੱਕਤ'' ਨਹੀਂ ਆਉਂਦੀ। ਐਤਵਾਰ ਆਉਣ ਤੇ ਖ਼ੁਦਾ ਕਿੱਥੇ ਹੁੰਦਾ ਹੈ? ਕਲੀਸੀਆ ਵਿਚ! ਖ਼ੁਦਾ ਦੇ ਨਾਲ ਚੱਲਣ ਵਾਲੇ ਲੋਕ ਐਤਵਾਰ ਨੂੰ ਕਿੱਥੇ ਹੁੰਦੇ ਹਨ? ਕਲੀਸੀਆ ਵਿਚ! ਵਿਸ਼ਵਵਿਆਪੀ ਕਲੀਸੀਆ ਦੀ ਮੈਂਬਰਸ਼ਿਪ ਵਾਂਗ ਸਥਾਨਕ ਕਲੀਸੀਆ ਦੀ ਮੈਂਬਰਸ਼ਿਪ ਵੀ ਬਦਲਵੀਂ ਨਹੀਂ ਹੈ। ਸਥਾਨਕ ਮੰਡਲੀ ਲਈ ਕੋਈ ਮੈਂਬਰ ਜੇ ਕੁਝ ਕਰ ਸਕਦਾ ਹੈ ਤਾਂ ਉਹ ਇਹ ਹੈ ਕਿ ਉਹ ਆਪਣੀ ਤਰੱਕੀ ਕਰੇ। ''ਵੱਡਾ'' ਹੋਣ ਲਈ ਕਲੀਸੀਆ ਦਾ ''ਵਧਣਾ'' ਜ਼ਰੂਰੀ ਹੈ। ਕਮਜ਼ੋਰ ਮੈਂਬਰਾਂ ਵਾਲੀ ਕਲੀਸੀਆ ਵੱਡੀ ਕਲੀਸੀਆ ਨਹੀਂ ਬਣ ਸਕਦੀ। ਪ੍ਰਭੂ ਦੀ ਦੇਹ ਵਿਚ ਹਰ ਮੈਂਬਰ ਦੀ ਅਹਿਮੀਅਤ ਹੈ! ਖ਼ੁਦਾ ਦੇ ਨਾਲ ਸਾਡਾ ਰੋਜ਼ ਚੱਲਣਾ ਉਸ ਦੀ ਕਿਰਪਾ ਦੇ ਚੰਗੇ ਮੁਖ਼ਤਿਆਰ ਹੋਣਾ ਹੈ। ਇਹ ਸਿਰਫ਼ ਸਥਾਨਕ ਕਲੀਸੀਆ ਵਿਚ ਹੀ ਹੋ ਸਕਦਾ ਹੈ। ਕੋਈ ਵੀ ਮੈਂਬਰ ਜੋ ਆਪਣੀ ਮਸੀਹੀ ਅਜ਼ਾਦੀ ਨੂੰ ਕਲੀਸੀਆ ਦੀ ਏਕਤਾ ਨਾਲੋਂ ਵਧ ਕੇ ਮੰਨਦਾ ਹੈ, ਉਹ ਆਪਣੇ ਆਪ ਨੂੰ ਯਿਸੂ ਨਾਲੋਂ ਵੱਡਾ ਸਮਝਦਾ ਹੈ। ਕਲੀਸੀਆ, ਕਲੀਸੀਆ ਤਦੇ

ਬਣਦੀ ਹੈ ਜਦ ਇਹ ਦੂਜਿਆਂ ਲਈ ਹੋਵੇ। ਕੋਈ ਆਪਣੇ ਆਪ ਉੱਤੇ ਅਤੇ ਯਿਸੂ ਉੱਤੇ ਇੱਕੋ ਵੇਲੇ ਧਿਆਨ ਨਹੀਂ ਲਾ ਸਕਦਾ। ਵੱਡੇ ਲੋਕ ਲੋਕਾਂ ਵਿਚ ਵੱਡੇ ਹੁੰਦੇ ਹਨ, ਪਰ ਇਕਾਂਤ ਵਿਚ ਉਹ ਹੋਰ ਵੀ ਵੱਡੇ ਹੁੰਦੇ ਹਨ। ਮਸੀਹੀਅਤ ਸਥਾਨਕ ਕਲੀਸੀਆ ਦੇ ਨਾਲ ਹੀ ਸ਼ੁਰੂ ਅਤੇ ਓਸੇ ਨਾਲ ਖ਼ਤਮ ਹੁੰਦੀ ਹੈ। ਸਥਾਨਕ ਕਲੀਸੀਆ ਲਈ ਪੂਰੀ ਤਰ੍ਹਾਂ ਨਾਲ ਸਮਰਪਿਤ ਹੋਵੋ। ਮਸੀਹ ਆਪਣੀ ਕਲੀਸੀਆ ਦੇ ਬਾਹਰ ਕੁਝ ਨਹੀਂ ਕਰੇਗਾ। ਸਥਾਨਕ ਕਲੀਸੀਆ ਲਈ ਸਮਰਪਿਤ ਹੋਏ ਬਗੈਰ ਰੂਹਾਨੀ ਪਰਿਪੱਕਤਾ ਕਦੇ ਨਹੀਂ ਆਵੇਗੀ। ਮੈਨੂੰ ਤੁਹਾਡੀ ਲੋੜ ਹੈ ... ਤੁਹਾਨੂੰ ਮੇਰੀ ਲੋੜ ਹੈ: ਇਹੀ ਕਲੀਸੀਆ ਹੈ!

## ਸ਼ਗਿਰਦੀ

ਬਿਨਾਂ ਚੇਲਿਆਂ ਦੇ ਮਸੀਹ ਦੀ ਕਲੀਸੀਆ ਕਿਸੇ ਹੋਰ ਚੀਜ਼ ਨਾਲ ਨਹੀਂ ਬਣ ਸਕਦੀ। ਆਪਣੇ ਚੇਲਿਆਂ ਦੇ ਬਗੈਰ ਯਿਸੂ ਅਧੂਰਾ ਹੈ। ਗ੍ਰੇਟ ਕਮੀਸ਼ਨ ਸਾਨੂੰ ਸ਼ਗਿਰਦ ਬਣਾਉਣ ਲਈ ਕਹਿੰਦਾ ਹੈ (ਮੱਤੀ 28:18–20)। ਕਲੀਸੀਆ ਨੂੰ ਇੱਥੇ ਮੁੱਖ ਤੌਰ ਤੇ ਦੋ ਕੰਮ ਕਰਨੇ ਪੈਣੇ ਹਨ: (1) ਰੂਹਾਂ ਨੂੰ ਬਚਾਉਣਾ ਅਤੇ (2) ਸੰਤ ਬਣਾਉਣੇ। ਕਲੀਸੀਆ ਮੁੱਖ ਤੌਰ ਤੇ ਇਸ ਦੇ ਇਲਾਵਾ ਬਾਕੀ ਸਾਰੇ ਕੰਮ ਕਰ ਰਹੀ ਹੈ! ''ਪਹਿਲਾਂ ਅੰਤਾਕੀਆ ਵਿਚ ਚੇਲੇ ਮਸੀਹੀ ਅਖਵਾਏ'' (ਰਸੂਲਾਂ ਦੇ ਕੰਮ 11:26)। ਮੱਢਲੀ ਕਲੀਸੀਆ ਲੋਕਾਂ ਨੂੰ ਸ਼ਗਿਰਦ ਜਾਂ ਚੇਲੇ ਬਣਾਉਂਦੀ ਸੀ, ਪਰ ਆਧੁਨਿਕ ਕਲੀਸੀਆ ਉਨ੍ਹਾਂ ਤੋਂ ਉਨ੍ਹਾਂ ਦਾ ਫ਼ੈਸਲਾ ਪੁੱਛਦੀ ਹੈ। ਮੁੱਢਲੀ ਕਲੀਸੀਆ ਵਿਚ ''ਆਮ ਲੋਕ'' ਹੁੰਦੇ ਸਨ, ਜਦ ਕਿ ਆਧੁਨਿਕ ਕਲੀਸੀਆ ਵਿਚ ਲੋਕ ''ਉਪਭੋਗਤਾ'' ਹਨ। ਯਿਸੂ ਨੇ ਸਾਨੂੰ ਸਲੀਬ ਕੋਲ ਮਰਨ ਵਾਸਤੇ ਸੱਦਿਆ ਹੈ। ਲੋਕ ਅੱਜ ਸਾਨੂੰ ਜੋ ਮਨ ਆਏ ਉਹੀ ਕਰਨ ਲਈ ਸੱਦਦੇ ਹਨ।

> ਜੋ ਕੋਈ ਮੇਰੇ ਪਿੱਛੇ ਆਉਣਾ ਚਾਹੇ ਤਾਂ ਆਪਣੇ ਆਪ ਦਾ ਇਨਕਾਰ ਕਰੇ ਅਤੇ ਰੋਜ਼ ਆਪਣੀ ਸਲੀਬ ਚੁੱਕ ਕੇ ਮੇਰੇ ਪਿੱਛੇ ਚੱਲੇ। ਕਿਉਂਕਿ ਜਿਹੜਾ ਆਪਣੀ ਜਾਨ ਬਚਾਉਣੀ ਚਾਹੇ ਉਹ ਉਸ ਨੂੰ ਗੁਆਵੇਗਾ ਪਰ ਜਿਹੜਾ ਮੇਰੇ ਲਈ ਆਪਣੀ ਜਾਨ ਗੁਆਵੇ ਉਹ ਉਸ ਨੂੰ ਬਚਾਵੇਗਾ (ਲੂਕਾ 9:23, 24)।

ਸੰਸਾਰ ''ਆਤਮ–ਸੰਜਮ'' ਦੀ ਸਿੱਖਿਆ ਦਿੰਦਾ ਹੈ। ਮਸੀਹ ਆਤਮ–ਇਨਕਾਰ ਦੀ ਗੱਲ ਸਿਖਾਉਂਦਾ ਹੈ। ਫ਼ਰਜ਼, ਵਫ਼ਾਦਾਰੀ, ਵਚਨਬੱਧਤਾ, ਸਮਰਪਣ ਅਤੇ ਕੁਰਬਾਨੀ ਨਾਲ ਚੇਲੇ ਬਣਦੇ ਹਨ। ਸੰਸਾਰ ਪੁੱਛਦਾ ਹੈ, ''ਮੈਨੂੰ ਕੀ ਮਿਲੇਗਾ?'' ਖ਼ੁਦਾ ਸਾਨੂੰ *ਆਪਣੇ ਕੋਲ* ਸੱਦਦਾ ਹੈ। ਸਮਾਜ ਦੇ ਰਾਹੀਂ ਸੰਸਾਰ ਵਿਚ ਮੁਕਤੀ ਦੀ ਖ਼ਬਰ ਪਹੁੰਚਦੀ ਹੈ। ਅਸੀਂ ਇਹ ਨਹੀਂ ਆਖਦੇ ਕਿ ਸਾਡੀ ਸੇਵਕਾਈ *ਹੈ* ਬਲਕਿ ਅਸੀਂ ਇਹ ਆਖਦੇ ਹਾਂ ਕਿ ਅਸੀਂ ਸੇਵਕ *ਹਾਂ* (1 ਪਤਰਸ 4:10, 11)। ਖੇਡਾਂ ਵਿਚ ਖਿਡਾਰੀਆਂ ਨੂੰ ਇੱਕੋ ਗੱਲ ਯਾਦ ਰੱਖਣ ਲਈ ਆਖਿਆ ਜਾਂਦਾ ਹੈ ਕਿ ''ਆਪਣੀ ਪੁਜ਼ੀਸ਼ਨ ਤੇ ਖੇਡੋ'' ਹਰ ਸਥਾਨਕ ਕਲੀਸੀਆ ਵਿਚ ਜ਼ਰੂਰੀ ਹੈ ਕਿ ਉਸ ਦਾ ਹਰ ਮੈਂਬਰ ਆਪਣਾ ਯੋਗਦਾਨ ਦਏ। ਆਪਣੇ ਆਪ ਨੂੰ ਪਾਉਣ ਲਈ ਆਪਣੇ ਆਪ ਨੂੰ ਗੁਆਉਣਾ ਜ਼ਰੂਰੀ ਹੈ। ਇਹ ਹਕੀਕਤ ਆਪਣੀ ਅਸੰਤੁਸ਼ਟੀ ਉੱਤੇ ਧਿਆਨ ਰੱਖਣ ਵਾਲੇ ਲਈ ਮੁਸ਼ਕਿਲ ਹੈ। ਚੇਲੇ ਜ਼ਿੰਦਾ ਰਹਿਣ ਲਈ ਮਰਦੇ ਹਨ (1 ਕੁਰਿੰਥੀਆਂ 15:31)। ਕਲੀਸੀਆ ਦਾ ਹਰ ਮੈਂਬਰ ਯਾਜਕ ਅਤੇ ਸੇਵਕ ਹੈ। ਕੁਲ ਜੋੜ ਹਮੇਸ਼ਾ ਵੱਧ ਹੀ ਹੁੰਦਾ ਹੈ। ਕਲੀਸੀਆ ਉਦੋਂ ਤਕ ਕੁਝ ਨਹੀ ਕਰ ਸਕੇਗੀ ਜਦ ਤਕ ਇਸ ਦੇ ਲੋਕ ਚੇਲੇ ਜਾਂ ਸ਼ਗਿਰਦ ਨਹੀਂ ਬਣਦੇ। ਮੁੱਢਲੀ ਕਲੀਸੀਆ ਵਿਚ ਕਮਿਟਮੈਂਟ ਭਾਵ ਵਚਨਬੱਧਤਾ ਸੀ ਜਦ ਕਿ ਆਧੁਨਿਕ ਕਲੀਸੀਆ ਵਿਚ ਕਮੇਟੀਆਂ ਹਨ।

''ਬਚੇ ਖੁਚੇ ਟੁਕੜਿਆਂ'' ਨਾਲ ਕਲੀਸੀਆ ਨਹੀਂ ਬਣ ਸਕਦੀ। ਖ਼ੁਦਾ ਨੂੰ ''ਛੇਕੜਲਾ ਅਤੇ

ਘਟੀਆ'' ਨਹੀਂ ਬਣਾਇਆ ਜਾ ਸਕਦਾ। ''ਦੇਹ'' ਦੀ ਧਾਰਣਾ ਜ਼ਿੰਮੇਵਾਰੀ ਤੇ ਜ਼ੋਰ ਦਿੰਦੀ ਹੈ। ''ਮਸੀਹ ਦੀ ਕਲੀਸੀਆ'' ''ਮੇਰੀ ਕਲੀਸੀਆ'' ਵੀ ਬਣਨੀ ਚਾਹੀਦੀ ਹੈ। ਕਲੀਸੀਆ ਨੂੰ ਕਦੇ ''ਹਫ਼ਤੇ ਵਿਚ ਇਕ ਘੰਟਾ ਬੰਦਗੀ ਕਰਨ ਵਾਲੀ ਸਭਾ'' ਨਹੀਂ ਬਣਨਾ ਚਾਹੀਦਾ। ਬਾਹਰ ਦੇ ਲੋਕ ਕਲੀਸੀਆ ਨੂੰ ਬੰਦਗੀਆਂ ਕਰਨ ਵਾਲੀ ਅਤੇ ਘਟਨਾਵਾਂ ਦੀ ਲੜੀ ਦੇ ਰੂਪ ਵਿਚ ਵੇਖਣਾ ਚਾਹੁੰਦੇ ਹਨ। ਮੁੱਢਲੀ ਕਲੀਸੀਆ ਦੇ ਲੋਕ ਕਲੀਸੀਆ ਨੂੰ ਆਪਣੀ ਜ਼ਿੰਦਗੀ ਦੇ ਰੂਪ ਵਿਚ ਵੇਖਦੇ ਸਨ। ਰਿਚਰਡ ਨਿਬੁਹਰ ਨੇ ਦਾਅਵਾ ਕੀਤਾ, ''ਗੁੱਸੇ ਰਹਿਤ ਖ਼ੁਦਾ ਸਲੀਬ ਰਹਿਤ ਮਸੀਹ ਦੀਆਂ ਸੇਵਕਾਈਆਂ ਦੇ ਰਾਹੀਂ ਨਿਆਂ ਰਹਿਤ ਰਾਜ ਵਿਚ ਪਾਪ ਰਹਿਤ ਲੋਕਾਂ ਨੂੰ ਲੈ ਕੇ ਆਇਆ।''[1] ਇਹ ਅੱਜ ਦੇ ਲੋਕਾਂ ਦੀ ਬੇਵਕੂਫ਼ੀ ਹੈ। ਬਾਈਬਲ ਮੁਤਾਬਕ ਕਲੀਸੀਆ ਵਿਚ ''ਮੈਂ ਇਸ ਦਾ ਹਾਂ,'' ਅਤੇ ''ਮੈਂ ਇਸ ਨਾਲ ਪਿਆਰ ਕਰਦਾ ਹਾਂ ਅਤੇ ਇਹ ਮੇਰੇ ਨਾਲ ਪਿਆਰ ਕਰਦੀ ਹੈ'' ਹੈ। ਅਜੋਕੀ ਕਲੀਸੀਆ ਇਹ ਸੋਚਣ ਦੀ ਅਜ਼ਮਾਇਸ਼ ਵਿਚ ਪਈ ਲਗਦੀ ਹੈ ਕਿ ਇਹ ਦੁਨੀਆਂ ਦਾ ਇਲਾਜ ਇਕ ਹੋਰ ਸਮੂਹ ਜਾਂ ਸਿਆਸੀ ਜਮਾਤ ਬਣਾ ਕੇ ਕਰ ਸਕਦੀ ਹੈ। ਕਲੀਸੀਆ ਨੂੰ ਪ੍ਰਚਾਰ ਕਰਨ ਅਤੇ ਇੰਜੀਲ ਨੂੰ ਜ਼ਿੰਦਗੀ ਵਿਚ ਉਤਾਰਨ ਲਈ ਸੱਦਿਆ ਗਿਆ। *ਵਫ਼ਾਦਾਰ ਬਣੋ ...* ਦਿਨ ਭਰ।

ਮੈਨੂੰ ਬਰਕਤ ਮਿਲੀ ਹੈ। ਮੇਰਾ ''ਪਾਲਣ ਪੋਸ਼ਣ ਕਲੀਸੀਆ ਵਿਚ ਹੋਇਆ'' ਸੀ ਅਤੇ ਮੈਨੂੰ ਕਲੀਸੀਆ ਨਾਲ ਪਿਆਰ ਕਰਨਾ ਸਿਖਾਇਆ ਗਿਆ ਸੀ। ਕਲੀਸੀਆ ਮੇਰੀ ਜ਼ਿੰਦਗੀ ਭਰ ''ਲਗਾਤਾਰ'' ਬਣੀ ਰਹੀ ਹੈ। ਲੋਕ ਕਲੀਸੀਆ ਦੇ ਬਗੈਰ ਕੀ ਕਰਦੇ ਹਨ?

*ਆਓ, ਮੇਰੇ ਨਾਲ ਚੱਲੋ।*

---

ਟਿੱਪਣੀ

[1]ਐਚ. ਰਿਚਰਡ ਨਿਬੁਹਰ, *ਦ ਕਿੰਗਡਮ ਆਫ਼ ਗੌਡ* (ਨਿਊ ਯਾਰਕ: ਹਾਰਪਰ ਐਂਡ ਰੋਅ, 1959), 193.